# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ

## ਪ੍ਰੈਸ ਨੋਟ

## ਪ੍ਰਧਾਨ ਮੰਤਰੀ ਆਵਾਸ ਯੋਜਨਾਂ ਤਹਿਤ 2022 ਤੱਕ ਦੇਸ਼ ਦੇ ਸਾਰੇ ਬੇਘਰਿਆਂ ਨੂੰ ਘਰ ਮੁਹੱਈਆ ਕਰਵਾਏ ਜਾਣਗੇ......ਤਿਕਸ਼ਨ ਸੂਦ

## ਤਿਕਸ਼ਨ ਸੂਦ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 184 ਲਾਭਪਾਤਰੀਆਂ ਨੂੰ ਗ੍ਰਾਂਟ ਦੇ ਪ੍ਰਵਾਨਗੀ ਪੱਤਰ ਦਿੱਤੇ

ਹੁਸ਼ਿਆਰਪੁਰ 31 ਦਸਬੰਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਚਲਾਈ ਗਈ ਆਵਾਸ ਯੋਜਨਾ ਸਾਰਿਆ ਲਈ ਮਕਾਨ ਤਹਿਤ ਸਾਲ 2022 ਤੱਕ ਦੇਸ਼ ਦੇ ਸਾਰੇ ਬੇਘਰੇ ਲੋਕਾ ਨੂੰ ਘਰ ਮੁਹੱਈਆ ਕਰਵਾਏ ਜਾਣਗੇ ਇਹ ਜਾਣਕਾਰੀ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਸ੍ਰੀ ਤਿਕਸ਼ਨ ਸੂਦ ਨੇ ਅੱਜ ਨਗਰ ਨਿਗਮ ਵਿਖੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 184 ਲਾਭਪਾਤਰੀਆਂ ਨੂੰ ਆਪਣੇ ਮਕਾਨ ਬਣਾਉਣ ਲਈ ਲਗਭਗ 3 ਕਰੋੜ ਰੁਪਏ ਦੀ ਗ੍ਰਾਂਟ ਦੇ ਪ੍ਰਵਾਨਗੀ ਪੱਤਰ ਦੇਣ ਮੌਕੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਉਹਨਾਂ ਦੱਸਿਆ ਕਿ ਨਗਰ ਨਿਗਮ ਵਲੋਂ ਇਸ ਸਕੀਮ ਤਹਿਤ ਕੁੱਲ 2695 ਦਰਖਾਸਤਾਂ ਪ੍ਰਾਪਤ ਹੋਈਆ ਸਨ ਜਿਨਾਂ ਵਿਚੋਂ 398 ਦਰਖਾਸਤਾਂ ਪ੍ਰਵਾਨਗੀ ਲਈ ਭੇਜੀਆਂ ਗਈਆ ਸਨ ਜਿਨਾਂ ਵਿਚੋਂ ਅੱਜ 184 ਲਾਭਪਾਤਰੀਆਂ ਨੂੰ ਆਪਣੇ ਮਕਾਨ ਬਣਾਉਣ ਲਈ ਮੰਜ਼ੂਰੀ ਦੇ ਕਾਗਜਾਤ ਦਿੱਤੇ ਜਾ ਰਹੇ ਹਨ ਉਹਨਾਂ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਵਲੋਂ ਗਰੀਬ ਪਰਿਵਾਰਾਂ ਲਈ ਅਨੇਕਾਂ ਭਲਾਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਜਿਨਾਂ ਵਿਚੋਂ ਕੇਂਦਰ ਸਰਕਾਰ ਵਲੋਂ ਗਰੀਬ ਪਰਿਵਾਰਾਂ ਨੂੰ ਮੁਫਤ ਰਸੋਈ ਗੈਸ ਅਤੇ ਪੰਜਾਬ ਸਰਕਾਰ ਵਲੋਂ ਮਾਤਾ ਖੀਵੀ ਰਸੋਈ ਗੈਸ ਅਭਿਆਨ ਤਹਿਤ ਗੈਸ ਦੇ ਚੁੱਲੇ ਮੁਫਤ ਦਿੱਤੇ ਜਾ ਰਹੇ ਹਨ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਜਗਤਾਰ ਸਿੰਘ ਸੈਣੀ ਨੇ ਵੀ ਇਸ ਮੌਕੇ ਤੇ ਅਕਾਲੀ ਭਾਜਪਾ ਸਰਕਾਰ ਵਲੋਂ ਆਮ ਲੋਕਾ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਸਬੰਧੀ ਅਤੇ ਕੀਤੇ ਜਾ ਰਹੇ ਵਿਕਾਸ ਕਾਰਜਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਨਗਰ ਨਿਗਮ ਦੇ ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਸੁਪਰਡੈਂਟ ਸੁਆਮੀ ਸਿੰਘ, ਅਮਿਤ ਕੁਮਾਰ, ਇੰਸਪੈਕਟਰ ਕੁਲਵਿੰਦਰ ਸਿੰਘ, ਸੰਜੀਵ ਕੁਮਾਰ, ਅਸ਼ਵਨੀ ਸ਼ਰਮਾ, ਵਿਜੇ ਕੁਮਾਰ, ਮੁਕਲ ਕੇਸਰ, ਜਨਕ ਰਾਜ, ਸੁਰਿੰਦਰ, ਸੁਰਜੀਤ ਬਹਿਲ, ਰਾਹੁਲ ਸ਼ਰਮਾ, ਸੁਧੀਰ ਸੂਦ, ਪ੍ਰਿੰਸੀਪਲ ਉਮੇਸ਼, ਬਾਬਾ ਰਾਮ ਮੂਰਤੀ, ਨਿਤਿਨ ਗੁਪਤਾ ਨੰਨੂ, ਕੌਂਸਲਰ ਮੀਨੂ ਸੇਠੀ, ਰਣਜੀਤ ਚੌਧਰੀ, ਗੁਰੀਪ੍ਰਤ ਕੋਰ, ਮਲਕੀਤ ਸਿੰਘ, ਬਲਵਿੰਦਰ ਬਿੰਦੀ, ਨਰਿੰਦਰ ਕੋਰ, ਵਿਕਰਮ ਮੇਹਤਾ, ਰੀਨਾ, ਸੁਰੇਸ਼ ਭਾਟੀਆ ਬਿੱਟੂ, ਸਰਬਜੀਤ ਸਿੰਘ, ਰਮੇਸ਼ ਠਾਕੁਰ, ਸੁਰੇਸ਼ ਕੁਮਾਰ, ਪਰਦੀਪ ਕੁਮਾਰ, ਵਿਨੇ ਕੁਮਾਰ, ਵਿਪੰਨ ਕੁਮਾਰ, ਰਾਮਦੇਵ ਯਾਦਵ, ਰਣਜੀਤ ਰਾਣਾ ਅਤੇ ਲਾਭਪਾਤਰੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਟੇਜ਼ ਸਕੱਤਰ ਦੀ ਭੂਮਿਕਾ ਜ਼ੋਗਿੰਦਰ ਸਿੰਘ ਸੈਣੀ ਨੇ ਬਾਖੂਬੀ ਕੀਤੀ।